**Solution**

# Math Olympiad (Class 9th)

**Total Marks: 35** **2022-23** **Time: 1 Hour**

| | |
|---|---|
| Name: | Father's Name: |
| School Name: | District: |
| Class: | Section: |
| Student ID: | Class Roll No.: |

ਨੋਟ: ਹਰੇਕ ਪ੍ਰਸ਼ਨ ਨੂੰ ਧਿਆਨਪੂਰਵਕ ਪੜਿਆ ਜਾਵੇ। ਹਰੇਕ ਪ੍ਰਸ਼ਨ 1 ਅੰਕ ਦਾ ਹੈ। ਹਰੇਕ ਪ੍ਰਸ਼ਨ ਦੇ ਉੱਤਰ ਲਈ ਚਾਰ ਵਿਕਲਪ ਹਨ ਜਿੰਨ੍ਹਾਂ ਵਿੱਚੋਂ ਕੇਵਲ ਇੱਕ ਠੀਕ ਹੈ। ਸਹੀ ਵਿਕਲਪ ਅੱਗੇ ਸਹੀ ( ✓ ) ਦਾ ਨਿਸ਼ਾਨ ਲਗਾਉ।

**Note: Read all the questions carefully. Each question carries 1 mark. There are four options for each question out of which only one is correct. Put a tick ( ✓ ) mark on the correct option.**

---

Q1: ਹੇਠਾਂ ਦਿੱਤੇ ਕਥਨਾਂ ਨੂੰ ਪੜ੍ਹੋ:

ਕਥਨ I : ਸੰਪੂਰਨ ਸੰਖਿਆਵਾਂ ਗੁਣਾ ਦੇ ਅੰਤਰਗਤ ਬੰਦ ਹੁੰਦੀਆਂ ਹਨ।

ਕਥਨ II : ਸੰਪੂਰਨ ਸੰਖਿਆਵਾਂ ਭਾਗ ਦੇ ਅੰਤਰਗਤ ਬੰਦ ਹੁੰਦੀਆਂ ਹਨ।

Read the following statements carefully:
Statement I: Integers are closed under multiplication.
Statement II: Integers are closed under division.

(a) ਸਿਰਫ ਕਥਨ I ਸਹੀ ਹੈ। Only statement I is true.

(b) ਸਿਰਫ ਕਥਨ II ਸਹੀ ਹੈ। Only statement II is true.

(c) ਦੋਵੇਂ ਕਥਨ ਸਹੀ ਹਨ / Both statements are true.

(d) ਦੋਵੇਂ ਕਥਨ ਸਹੀ ਨਹੀਂ ਹਨ।/None of the statement is true.

Q2) ਇੱਕ ਚਲ ਵਾਲੇ ਦੋ ਘਾਤੀ ਬਹੁਪਦ ਵਿੱਚ ਪਦਾਂ ਦੀ ਗਿਣਤੀ ਵੱਧ ਤੋਂ ਵੱਧ ______ ਹੁੰਦੀ ਹੈ।


A quadratic polynomial in one variable has at most ______ terms.

(a) 1 (b) 2 (c) 3 (d) 4

Q3) ਹੇਠ ਦਿੱਤੇ ਗਏ ਸਮੀਕਰਣਾਂ ਵਿੱਚੋਂ ਕਿਸ ਸਮੀਕਰਣ ਦਾ ਗ੍ਰਾਫ x-ਧੁਰੇ ਦੇ ਸਮਾਂਤਰ ਹੈ?

Which of the following linear equations has its graph parallel to x-axis ?

a) $x + y = 1$ b) $y = 0.2x$ c) $y = 2$ d) $2x + 1=0$



Q4) ਦਿੱਤੇ ਹੋਏ ਚਿੱਤਰ ਵਿੱਚ AB||CD ਅਤੇ BC||ED ਹੈ ਤਾਂ x ਦਾ ਮੁੱਲ ਪਤਾ ਕਰੋ।

In the given figure, If AB||CD and BC||ED then find the value of x.

a) $60^0$ b) $75^0$ c) $105^0$ d) $90^0$

Q5) ਇੱਕ ਆਇਤ ਦੀ ਲੰਬਾਈ (5a−4) ਇਕਾਈਆਂ ਅਤੇ ਖੇਤਰਫਲ $25a^2-35a+12$ ਵਰਗ ਇਕਾਈਆਂ ਹੈ। ਇਸ ਆਇਤ ਦੀ ਚੋੜਾਈ ਹੋਵੇਗੀ:

Length of a rectangle is (5a-4) units and area is $25a^2-35a+12$ square units. Find its breadth.

a) (5a+4) units b) (5a−4) units c) (5a−3) units d) (5a+3) units

Q6) ਗੁਣਨਖੰਡੀਕਰਣ ਕਰੋ: Factorize: $x^2+y-xy-x$

a) (x + y) (x-1) b) (x - y) (x-1) c) ) (x - y) (y-1) d) (x - y) (y+1)

Q7) ਹੇਠ ਲਿਖੀਆਂ ਵਿੱਚੋਂ ਕਿਹੜੀ ਇੱਕ ਬਹੁਪਦ ਨਹੀਂ ਹੈ? Which of the following is not a polynomial?

a) $6x^2 - 7x+3$ b) $\sqrt{5}z^3 - \sqrt{2}z^2$ c) $\frac{7}{11}t^5 - \frac{2}{9}t^3 - \frac{4}{13}$ d) $\sqrt{5x} + 3x^2 - 1$

Q8) ਕੋਈ ਤਿੰਨ ਸੰਖਿਆਵਾਂ ਦਾ ਜੋੜ 9 ਹੈ, ਇਹਨਾਂ ਸੰਖਿਆਵਾਂ ਦੇ ਵਰਗਾਂ ਦਾ ਜੋੜ 29 ਅਤੇ ਇਹਨਾਂ ਸੰਖਿਆਵਾਂ ਦੇ ਘਣਾਂ ਦਾ ਜੋੜ 99 ਹੈ। ਇਹਨਾਂ ਸੰਖਿਆਵਾਂ ਦਾ ਗੁਣਨਫਲ ਪਤਾ ਕਰੋ।

If the sum of three numbers be 9, the sum of their squares be 29 and the sum of their cubes be 99, then find the product of the numbers.

a) 72 b) 56 c) 48 d) 24

Q9) ਜੇਕਰ $\frac{2-\sqrt{3}}{2+\sqrt{3}} = a + b\sqrt{3}$ ਹੋਵੇ ਤਾਂ a ਅਤੇ b ਦਾ ਮੁੱਲ ਪਤਾ ਕਰੋ।

If $\frac{2-\sqrt{3}}{2+\sqrt{3}} = a + b\sqrt{3}$ then find the values of a and b.

a) a=7, b=4 b) a= – 7, b=4 c) a=7, b= – 4 d) a= – 7, b= – 4

Q10) ਇੱਕ ਬੈਗ ਵਿੱਚ 4 ਲਾਲ ਅਤੇ ਕੁਝ ਹਰੀਆਂ ਗੇਂਦਾਂ ਹਨ।ਬੈਗ ਵਿੱਚੋਂ ਅਚਾਨਕ ਇੱਕ ਗੇਂਦ ਖਿੱਚੇ ਜਾਣ 'ਤੇ ਇੱਕ ਹਰੀ ਗੇਂਦ ਪ੍ਰਾਪਤ ਹੋਣ ਦੀ ਸੰਭਾਵਨਾ ਇੱਕ ਲਾਲ ਗੇਂਦ ਪ੍ਰਾਪਤ ਹੋਣ ਦੀ ਸੰਭਾਵਨਾ ਤੋਂ ਅੱਧੀ ਹੈ। ਬੈਗ ਵਿੱਚ ਹਰੀਆਂ ਗੇਂਦਾਂ ਦੀ ਸੰਖਿਆ ਪਤਾ ਕਰੋ।

There are 4 red balls and some green balls in a bag. On taking out a ball at random from this bag, probability of getting a green ball is half the probability of getting a red ball. Find the total number of green balls in the bag.

(a) 2 b) 3 c) 4 d) None of these

Q11) ਇੱਕ ਘੜੀ ਨੂੰ ਇਸ ਤਰ੍ਹਾਂ ਰੱਖਿਆ ਗਿਆ ਹੈ ਕਿ ਦੁਪਿਹਰ 12 ਵਜੇ ਇਸਦੀ ਮਿੰਟ ਵਾਲੀ ਸੂਈ ਉੱਤਰ- ਪੂਰਬ ਵੱਲ ਇਸ਼ਾਰਾ ਕਰਦੀ ਹੈ।ਦੱਸੋ ਕਿ ਦੁਪਿਹਰ 1:30 ਵਜੇ ਇਸ ਘੜੀ ਦੀ ਘੰਟੇ ਵਾਲੀ ਸੂਈ ਕਿਸ ਦਿਸ਼ਾ ਵੱਲ ਇਸ਼ਾਰਾ ਕਰੇਗੀ?

A clock is so placed that at 12 noon its minute hand points towards north-east. In which direction does its hour hand point at 1.30 pm?

(a) ਉੱਤਰ /North b) ਪੂਰਬ/ East c) ਦੱਖਣ- ਪੂਰਬ/ South-East d) ਦੱਖਣ /South

Q12) ਇੱਕ ਸਮਚਤੁਰਭੁਜ ਦੇ ਵਿਕਰਣਾਂ ਦਾ ਅਨੁਪਾਤ 8:15 ਹੈ ਇਸਦਾ ਪਰਿਮਾਪ 34 ਸਮ ਹੈ। ਇਸ ਦਾ ਖੇਤਰਫਲ ਪਤਾ ਕਰੋ।


Ratio of diagonals of a rhombus is 8:15 and its perimeter is 34 cm. Find its area.


a) 120 sq cm/ 120 ਵਰਗ ਸਮ b) 60 sq cm/ 60 ਵਰਗ ਸਮ
c) 180 sq cm/ 180 ਵਰਗ ਸਮ d) 180√3 sq cm/ 180√3 ਵਰਗ ਸਮ

Q13) ਦਿੱਤੇ ਗਏ ਚਿੱਤਰ ਵਿੱਚ $x$ ਦਾ ਮੁੱਲ ਪਤਾ ਕਰੋ।

Find the value of $x$ in the given figure.

a) $75^0$ b) $20^0$ c) $95^0$ d) $105^0$




Q14) ਦਿੱਤੇ ਗਏ ਚਿੱਤਰ ਵਿੱਚ , DE || BC ਅਤੇ MF || AB ਹੈ।∠AEM ਦਾ ਮੁੱਲ ਪਤਾ ਕਰੋ।

In the given figure, DE || BC and MF || AB. Find the value of ∠AEM.

a) $50^0$ b) $40^0$ c) $90^0$ d) $130^0$

Q15) ਕਿਸੇ ਚੱਕਰ ਦੇ ਕੇਂਦਰ ਅਤੇ ਇਸਦੀ ਜੀਵਾ ਦੇ ਮੱਧ ਬਿੰਦੂ ਨੂੰ ਮਿਲਾਉਣ ਵਾਲੀ ਰੇਖਾ ਹਮੇਸ਼ਾ _____________।

The line joining the centre of a circle to the midpoint of a chord is always_____________.

a) ਜੀਵਾ ਦੇ ਸਮਾਂਤਰ ਹੁੰਦੀ ਹੈ।/parallel to the chord.
b) ਜੀਵਾ 'ਤੇ ਲੰਬ ਹੁੰਦੀ ਹੈ।/ perpendicular to the chord.
c) ਜੀਵਾ ਦੇ ਬਰਾਬਰ ਹੁੰਦੀ ਹੈ।/equal to the chord.
d) ਜੀਵਾ ਤੋਂ ਵੱਡੀ ਹੁੰਦੀ ਹੈ।/ Greater than the chord.

Q16) ਜੇਕਰ ਸੰਖਿਆਵਾਂ 2, 5, x, 8, x+4 ਅਤੇ 5 ਦਾ ਮੱਧਮਾਨ 5 ਹੋਵੇ ਤਾਂ ਦਾ x ਮੁੱਲ ਪਤਾ ਕਰੋ

If mean of numbers 2, 5, x, 8, x+4 and 5 is 5 then find the value of x.

a) 2 b) 3 c) 4 d) 5

Q17) ਜੇ ਇਕ ਚੱਕਰ ਦੇ ਵਿਆਸ ਵਿਚ 10% ਦੀ ਕਮੀ ਆਉਂਦੀ ਹੈ ਤਾਂ ਖੇਤਰਫਲ ਵਿਚ ਕਿੰਨੀ ਪ੍ਰਤੀਸ਼ਤ ਕਮੀ ਆਵੇਗੀ?


If the diameter of a circle is decreased by 10% then How much percentage decrease in area will be there?

(a) 19% (b) 20% (c) 21% (d) 10%

Q18) ਦਿੱਤੇ ਗਏ ਚਿੱਤਰ ਵਿੱਚ ∠ABC ਦਾ ਮੁੱਲ ਪਤਾ ਕਰੋ।

In the given figure, find the value of ∠ABC .

a) $45^0$ b) $80^0$ c) $60^0$ d) $90^0$



Q19) ਇੱਕ ਘਣਾਕਾਰ ਬਕਸੇ, ਜਿਸਦਾ ਕਿਨਾਰਾ 2.5 ਮੀ. ਹੈ, ਨੂੰ 2 ਰੁ. ਪ੍ਰਤੀ ਵਰਗ ਮੀ. ਨਾਲ ਰੰਗ ਕਰਨ ਦਾ ਖਰਚ ਹੋਵੇਗਾ:

Find the cost of painting a cubical box of edge 2.5 m at the rate Rs. 2 per square meter.

(a) 37.5 ਰੁ. (b) 25ਰੁ. (c) 50 ਰੁ. (d) 75 ਰੁ.


**Q20)** ਦੋ ਵਿਅਕਤੀਆਂ **X** ਅਤੇ **Y** ਨੂੰ ਬਰਾਬਰ ਰਾਸ਼ੀ **7.5%** ਦੀ ਦਰ ਨਾਲ ਸਾਧਾਰਨ ਵਿਆਜ ਤੇ ਕ੍ਰਮਵਾਰ **4** ਸਾਲ ਅਤੇ 5 ਸਾਲ ਲਈ ਉਧਾਰ ਦਿੱਤੀ ਗਈ **।** ਜੇਕਰ ਉਹਨਾਂ ਦੁਆਰਾ ਦਿੱਤੇ ਗਏ ਸਾਧਾਰਨ ਵਿਆਜਾਂ ਵਿੱਚ ਅੰਤਰ **150** ਰੁਪਏ ਹੋਵੇ ਤਾਂ ਉਹਨਾਂ ਵਿੱਚੋਂ ਹਰੇਕ ਨੂੰ ਦਿੱਤੀ ਗਈ ਰਾਸ਼ੀ ਪਤਾ ਕਰੋ।

**Equal sums of money are lent to X and Y at simple interest at 7.5% per annum for a period of 4 years and 5 years respectively. If the difference in interest paid by them Rs. 150, the sum lent to each was**:

a) Rs.500 b) Rs.100 c) Rs. 2000 d) Rs. 300

Q21) ਦਿੱਤੇ ਗਏ ਚਿੱਤਰ ਵਿੱਚ ABCD ਇੱਕ ਚੱਕਰੀ ਚਤੁਰਭੁਜ ਹੈ ਜਿਸ ਵਿੱਚ AB ਨੂੰ F ਤੱਕ ਵਧਾਇਆ ਗਿਆ ਹੈ ਅਤੇ BE || DC ਹੈ। ਜੇਕਰ ∠FBE = 20° ਅਤੇ ∠DAB = 95° ਹੈ ਤਾਂ ∠ADC ਪਤਾ ਕਰੋ।

In figure, ABCD is a cyclic quadrilateral in which AB is extended to F and BE || DC. If ∠FBE = 20° and ∠DAB = 95°, then find ∠ADC.




a) 95° b) 85° c) 75° d) 105°

Q22) ਇੱਕ ਆਇਤਾਕਾਰ ਖੇਤ ਦੀ ਲੰਬਾਈ ਇਸਦੀ ਚੌੜਾਈ ਤੋਂ ਤਿੰਨ ਗੁਣਾ ਹੈ।ਜੇਕਰ ਇਸਦੀ ਲੰਬਾਈ ਨੂੰ 3 ਮੀ. ਘਟਾ ਦਿੱਤਾ ਜਾਵੇ ਅਤੇ ਇਸਦੀ ਚੌੜਾਈ ਨੂੰ 3 ਮੀ. ਵਧਾ ਦਿੱਤਾ ਜਾਵੇ ਤਾਂ ਇਹ ਇੱਕ ਵਰਗ ਬਣ ਜਾਂਦਾ ਹੈ। ਖੇਤ ਦੀਆਂ ਵਿਮਾਵਾਂ ਪਤਾ ਕਰੋ।

A rectangular field is three times as long as it is wide. If its length was 3 m shorter and 3 m wider it would be a square. What are the dimensions of the rectangular field?

(a) 9m × 3m (b) 6m × 2m (c) 18 m× 6m (d) 10m × 4m

Q23) ਹੇਠ ਦਿੱਤੀ ਸਾਰਣੀ ਕੁਝ ਵਿਦਿਆਰਥੀਆਂ ਦੇ ਵਿਗਿਆਨ ਵਿਸ਼ੇ ਦੀ ਜਮਾਤ ਪ੍ਰੀਖਿਆ ਵਿੱਚੋਂ ਪ੍ਰਾਪਤ ਕੀਤੇ ਅੰਕ ਦਰਸਾ ਰਹੀ ਹੈ।ਜੇਕਰ ਵਿਦਿਆਰਥੀਆਂ ਦੇ ਔਸਤ ਅੰਕ 2¼ ਹੋਣ ਤਾਂ x ਦਾ ਮੁੱਲ ਪਤਾ ਕਰੋ।

The marks scored by some students in the Science test are shown in the table below. If the mean marks obtained by students is 2 ¼ then find the value of x.

| ਅੰਕ/ Marks | 0 | 1 | 2 | 3 | 4 | 5 |
|---|---|---|---|---|---|---|
| ਵਿਦਿਆਰਥੀਆਂ ਦੀ ਗਿਣਤੀ/ Number of students | 3 | 2 | 3 | 5 | x | 1 |

a) 2 b) 3 c) 4 d) 5

Q24) ਮੁੱਲ ਪਤਾ ਕਰੋ: Find the value of:

$$(9)^{\frac{3}{2}} \times (\frac{1}{6})^{\frac{-1}{2}} \times (\frac{1}{24})^{\frac{-1}{2}}$$

a) 324 b) 315 c) 320 d)310

Q25) ਚਾਰ ਅੰਕਾਂ ਵਾਲੀ ਇੱਕ ਸੰਖਿਆ ਦੇ ਅੰਕਾਂ ਦਾ ਗੁਣਨਫਲ 75 ਹੈ।ਇਸ ਸੰਖਿਆ ਦੇ ਅੰਕਾਂ ਦਾ ਜੋੜਫਲ ਪਤਾ ਕਰੋ।

Product of digits of a four-digit number is 75 . Find the sum of its digits.

a) 10 b) 14 c) 16 d) ਪਤਾ ਨਹੀਂ ਕੀਤਾ ਜਾ ਸਕਦਾ/can not be determined

Q26) ਇੱਕ ਸਮਭੁਜੀ ਤ੍ਰਿਭੁਜ ਦਾ ਖੇਤਰਫਲ 100 √3 ਸਮ$^2$ ਹੈ, ਇਸਦਾ ਪਰਿਮਾਪ ਪਤਾ ਕਰੋ।

Area of an equilateral triangle is 100 √3 cm$^2$. Find its perimeter.

(a) 20 cm (b) 72 cm (c) 54 cm (d) 60 cm

Q27) ਇੱਕ ਤ੍ਰਿਭੁਜਾਕਾਰ ਬੋਰਡ ਦੇ ਕਿਨਾਰੇ 5 ਸਮ, 12 ਸਮ ਅਤੇ 13 ਸਮ ਲੰਬੇ ਹਨ। ਇਸ ਬੋਰਡ ਨੂੰ 75 ਪੈਸੇ ਪ੍ਰਤੀ ਵਰਗ ਸਮ ਦੀ ਦਰ ਨਾਲ ਪੇਂਟ ਕਰਨ ਦਾ ਖਰਚ ਪਤਾ ਕਰੋ।

The edges of a triangular board are 5 cm, 12 cm and 13 cm. The cost of painting it at the rate of 75 paise per cm$^2$ is :

(a) Rs 22.00 (b) Rs 22.25 (c) Rs 2.25 (d) Rs 22.50

Q28) ਜੇਕਰ ਅੰਕੜਿਆ ਦੇ ਹਰੇਕ ਪ੍ਰੇਖਣ ਦੇ ਮੁੱਲ ਨੂੰ 5 ਵਧਾ ਦਿੱਤਾ ਜਾਵੇ ਤਾਂ ਇਸਦਾ ਮੱਧਮਾਨ :

If each observation of the data is increased by 5, then their mean

(a) ਉਹੀ ਰਹੇਗਾ remains the same

(b) ਮੂਲ ਮੱਧਮਾਨ ਦਾ 5 ਗੁਣਾ ਹੋ ਜਾਵੇਗਾ।/becomes 5 times the original mean)

(c) ਮੂਲ ਮੱਧਮਾਨ ਤੋਂ 5 ਘੱਟ ਹੋ ਜਾਵੇਗਾ / (is decreased by 5)

(d) ਮੂਲ ਮੱਧਮਾਨ ਤੋਂ 5 ਵੱਧ ਹੋ ਜਾਵੇਗਾ (is increased by 5)


Q. 29) **ਇਕ ਤਸਵੀਰ ਵੱਲ ਇਸ਼ਾਰਾ ਕਰਦਿਆਂ ਇਕ ਵਿਅਕਤੀ ਆਪਣੇ ਦੋਸਤ ਨੂੰ ਕਹਿੰਦਾ ਹੈ, "ਉਹ ਮੇਰੇ ਪਿਤਾ ਦੇ ਵੱਡੇ ਭਰਾ ਦੀ ਪੋਤੀ ਹੈ" , ਫੋਟੋ ਵਿਚਲੀ ਲੜਕੀ ਆਦਮੀ ਨਾਲ ਕਿਵੇਂ ਸਬੰਧਤ ਹੈ?**

**Pointing to a photograph, a person tells to his friend, "she is the granddaughter of the elder brother of my father", how is the girl in the photograph related to the man?**

a) Niece (ਭਤੀਜੀ) b) Sister (ਭੈਣ) c) Aunt (ਚਾਚੀ) d) Maternal Aunt (ਮਾਸੀ)

Q. 30) ਇੱਕ ਪਾਸੇ ਦੇ ਦੋ ਅਲੱਗ-ਅਲੱਗ ਦ੍ਰਿਸ਼ ਹੇਠ ਦਰਸਾਏ ਅਨੁਸਾਰ ਹਨ। 5 ਬਿੰਦੂਆਂ ਦੇ ਉਲਟ ਪਾਸੇ ਕਿੰਨੇ ਬਿੰਦੂ ਹੋਣਗੇ?


Two positions of a dice has been shown below. How many dots will be appear just opposite to 5 dots?



a) 4 b) 2 c) 6 d) 1

Q. 31) ਦਿੱਤੇ ਗਏ ਚਿੱਤਰਾਂ ਵਿੱਚੋਂ ਉਹ ਚਿੱਤਰ ਚੁਣੋ ਜਿਸਦਾ ਚਿੱਤਰ (X) ਇੱਕ ਭਾਗ ਹੈ:

Choose the figure which contains figure (X) as its part.





Q. 32) ਦਿੱਤੀ ਲੜੀ ਵਿੱਚੋਂ ਗਲਤ ਸੰਖਿਆ ਚੁਣੋ:Find the wrong number in the series:

1, 2, 3, 7, 15, 24, 51, 67, 131, 167, 281

a) 167 b) 131 c) 281 d) 3

Q. 33) ਦਿੱਤੇ ਗਏ ਚਿੱਤਰ ਵਿੱਚ ਇੱਕ ਪਾਰਦਰਸ਼ੀ ਸ਼ੀਟ (X) ਵਿੱਚ ਇੱਕ ਡਿਜ਼ਾਇਨ ਅਤੇ ਇੱਕ ਦਾਨੇਦਾਰ ਲਾਈਨ ਨਾਲ ਦਿਖਾਈ ਗਈ ਹੈ।ਹੇਠ ਲਿਖੀਆਂ ਵਿੱਚੋਂ ਕਿਹੜਾ ਚਿੱਤਰ ਇਸ ਸ਼ੀਟ (X) ਨੂੰ ਇਸ ਦਾਨੇਦਾਰ ਲਾਈਨ 'ਤੇ ਮੋੜਣ ਤੇ ਪ੍ਰਾਪਤ ਆਕ੍ਰਿਤੀ ਨੂੰ ਦਰਸਾ ਰਿਹਾ ਹੈ?

Find out from amongst the four alternatives as to how the pattern would appear when the transparent sheet (X) is folded at the dotted line.




Q. 34) **If 30th January,2003 was Thursday, what was the day on 2nd March, 2003?**

**30 ਜਨਵਰੀ 2003 ਨੂੰ ਵੀਰਵਾਰ ਸੀ, 2 ਮਾਰਚ 2003 ਨੂੰ ਕਿਹੜਾ ਦਿਨ ਹੋਵੇਗਾ?**

a) ਮੰਗਲਵਾਰ (Tuesday) b) ਵੀਰਵਾਰ (Thursday)

c) ਸ਼ਨੀਵਾਰ (Saturday) d) ਐਤਵਾਰ (Sunday)

Q. 35) **ਜੇ ਕਿਸੇ ਖਾਸ ਭਾਸ਼ਾ ਕੋਡ ਵਿਚ 943 ਨੂੰ BED ਅਤੇ 12448 ਨੂੰ SWEET ਕੋਡ ਕੀਤਾ ਜਾਂਦਾ ਹੈ। 492311 ਨੂੰ ਕੀ ਕੋਡ ਕੀਤਾ ਜਾਵੇਗਾ?**

**If in a certain language 943 is coded as BED and 12448 is coded as SWEET. How is 492311 coded in that languages?**

a) EDSWBS b) TSWBDD c) DSWTEE d) EBWDSS